*ਪ੍ਰੈਸ ਨੋਟ*
*(ਫਿਰੋਜ਼ਪੁਰ ਪੁਲਿਸ)*

ਜਿਲ੍ਹਾਂ ਪੁਲਿਸ ਫਿਰੋਜਪੁਰ ਵੱਲੋਂ ਮਾੜੇ ਅਨਸਰਾਂ ਖਿਲਾਫ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕਰਦਿਆ 01 ਨਸ਼ਾ ਤਸਕਰ ਨੂੰ 02 ਕਿਲੋ ਹੈਰੋਇਨ ਸਮੇਤ ਕਾਬੂ ਕੀਤਾ ਗਿਆ।

ਫਿਰੋਜਪੁਰ : 12 ਅਗਸਤ, 2023

ਸ਼੍ਰੀ ਦੀਪਕ ਹਿਲੋਰੀ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਫਿਰੋਜਪਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੀਆ ਦੱਸਿਆ ਗਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਜਿਸ ਵਿੱਚ ਵਿਸ਼ੇਸ਼ ਤੌਰ ਨਸ਼ਾਂ ਤਸਕਰਾਂ ਖਿਲਾਫ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਸਬੰਧੀ ਜਿਲ੍ਹਾਂ ਪੁਲਿਸ ਦੁਆਰਾ ਜਿਲ੍ਹਾਂ ਦੇ ਸਮੂਹ ਗਜ਼ਟਿਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆ ਹਨ।

ਇਸ ਮੁਹਿਤ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨਵੈ:) ਫਿਰੋਜਪੁਰ ਅਤੇ ਸ਼੍ਰੀ ਸੁਰਿੰਦਰ ਕੁਮਾਰ ਬਾਂਸਲ, ਪੀ.ਪੀ.ਐਸ, ਡੀ.ਐਸ.ਪੀ (ਸਿਟੀ) ਫਿਰੋਜਪੁਰ ਦੀ ਨਿਗਰਾਨੀ ਹੇਠ ਇੰਸ: ਜਸਵੰਤ ਸਿੰਘ ਮੁੱਖ ਅਫਸਰ ਥਾਣਾ ਕੈਂਟ ਫਿਰੋਜਪੁਰ ਦੇ ਹੱਥ ਮਿਤੀ 12-08-2023 ਨੂੰ ਵੱਡੀ ਸਫਲਤਾ ਲੱਗੀ ਜਦੋ ਉਹ ਸਮੇਤ ਕਰਮਚਾਰੀਆ ਗਸ਼ਤ ਦੇ ਸਬੰਧ ਚੁੰਗੀ ਨੰਬਰ 07 ਤੋ ਕੁਮਾਰ ਹੋਟਲ ਪਾਸ ਪੁੱਜੇ ਤਾਂ ਕੁਮਾਰ ਹੋਟਲ ਦੇ ਬਾਹਰ 01 ਮੋਨਾ ਨੌਜੁਆਨ ਲੜਕਾ ਜਿਸ ਨੇ ਪਿੱਠੂ ਬੈਗ ਪਾਇਆ ਹੋਇਆ ਸੀ, ਜਿਸਨੇ ਆਪਣਾ ਨਾਮ ਰਾਜਨ ਕੁਮਾਰ ਪੁੱਤਰ ਰਾਮ ਸਰੂਪ ਵਾਸੀ ਵਾਰਡ ਨੰਬਰ 09, ਰਣਬੀਰ ਸਿੰਘਪੁਰਾ ਜੰਮੂ (ਜੰਮੂ-ਕਸ਼ਮੀਰ) ਦੱਸਿਆ, ਜਿਸ ਦੀ ਜਾਬਤਾ ਅਨੁਸਾਰ ਤਲਾਸ਼ੀ ਲੈਣ ਤੇ ਉਸ ਪਾਸੋ 02 ਕਿਲੋ ਹੈਰੋਇਨ ਬਰਾਮਦ ਹੋਈ, ਜਿਸ ਤੇ ਦੋਸ਼ੀ ਰਾਜਨ ਉਕਤ ਖਿਲਾਫ ਮੁਕੱਦਮਾ ਨੰਬਰ 93 ਮਿਤੀ 12-08-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਕੈਂਟ ਫਿਰੋਜਪੁਰ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਨਸ਼ੇ ਦੇ ਸੋਰਸ ਤੇ ਪਹੁੰਚਦੇ ਟਿਕਾਣਿਆਂ ਦਾ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮੁਕੱਦਮਾ ਨੰਬਰ 93 ਮਿਤੀ 12-08-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਕੈਂਟ ਫਿਰੋਜਪੁਰ

ਵਕੂਆ ਦੀ ਥਾਂ:- ਨੇੜੇ ਕੁਮਾਰ ਹੋਟਲ ਫਿਰੋਜਪਰ ਕੈਂਟ

ਦੋਸ਼ੀ ਦਾ ਨਾਮ:- ਰਾਜਨ ਕੁਮਾਰ ਪੁੱਤਰ ਰਾਮ ਸਰੂਪ ਵਾਸੀ ਵਾਰਡ ਨੰਬਰ 09, ਰਣਬੀਰ ਸਿੰਘਪੁਰਾ ਜੰਮੂ (ਜੰਮੂ-ਕਸ਼ਮੀਰ) ਉਮਰ ਕਰੀਬ 24 ਸਾਲ

ਬ੍ਰਾਮਦਗੀ: 02 ਕਿਲੋ ਹੈਰੋਇਨ

# ਪ੍ਰੈਸ ਨੋਟ
## (ਫਿਰੋਜ਼ਪੁਰ ਪੁਲਿਸ)

ਜਿਲ੍ਹਾਂ ਪੁਲਿਸ ਫਿਰੋਜਪੁਰ ਵੱਲੋ ਮਾੜੇ ਅਨਸਰਾਂ ਖਿਲਾਫ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕਰਦਿਆ 02 ਨਸ਼ਾ ਤਸਕਰ ਨੂੰ 01 ਕਿਲੋ 500 ਗ੍ਰਾਮ ਹੈਰੋਇਨ,. 1500/-ਰੁਪੈ ਭਾਰਤੀ ਕਰੰਸੀ, .01 ਮੋਬਾਇਲ ਫੋਨ I-Phone, ਚਿੱਟੇ ਰੰਗ ਦੀ ਸਕੂਟਰੀ ਹੀਰੋ ਮੈਸਟਰੋ ਸਮੇਤ ਕਾਬੂ ਕੀਤਾ ਗਿਆ।

ਫਿਰੋਜਪੁਰ : 12 ਅਗਸਤ, 2023

ਸ੍ਰੀ ਦੀਪਕ ਹਿਲੋਰੀ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਫਿਰੋਜਪਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੀਆ ਦੱਸਿਆ ਗਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਜਿਸ ਵਿੱਚ ਵਿਸ਼ੇਸ਼ ਤੌਰ ਨਸ਼ਾਂ ਤਸਕਰਾਂ ਖਿਲਾਫ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਸਬੰਧੀ ਜਿਲ੍ਹਾਂ ਪੁਲਿਸ ਦੁਆਰਾ ਜਿਲ੍ਹਾਂ ਦੇ ਸਮੂਹ ਗਜ਼ਟਿਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆ ਹਨ।

ਇਸ ਮੁਹਿਤ ਤਹਿਤ ਸ੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨਵੈ:) ਫਿਰੋਜਪੁਰ ਅਤੇ ਸ੍ਰੀ ਭੁਪਿੰਦਰ ਸਿੰਘ, ਪੀ.ਪੀ.ਐਸ, ਡੀ.ਐਸ.ਪੀ (ਡੀ) ਫਿਰੋਜਪੁਰ ਦੀ ਨਿਗਰਾਨੀ ਹੇਠ ਇੰਸ: ਹਰਪ੍ਰੀਤ ਸਿੰਘ ਇੰਚਾਰਜ ਸੀ.ਆਈ.ਏ ਦੀ ਅਗਵਾਈ ਹੇਠ ਕੰਮ ਕਰ ਰਹੀ ਸੀ.ਆਈ.ਏ ਸਟਾਫ ਦੀ ਟੀਮ ਦੇ ਹੱਥ ਮਿਤੀ 11-08-2023 ਨੂੰ ਵੱਡੀ ਸਫਲਤਾ ਲੱਗੀ ਜਦੋ ਇਹ ਟੀਮ ਸਬ-ਇੰਸਪੈਕਟਰ ਮਨਜੀਤ ਸਿੰਘ ਦੀ ਅਗਵਾਈ ਵਿੱਚ ਗਸ਼ਤ ਦੇ ਸਬੰਧ ਸ਼ਹੀਦ ਊਧਮ ਸਿੰਘ ਚੌਕ ਫਿਰੋਜਪੁਰ ਸ਼ਹਿਰ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਰਵਜੀਤ ਸਿੰਘ ਉਰਫ ਸ਼ੱਬੂ ਪੁੱਤਰ ਦਾਰਾ ਵਾਸੀ ਭਾਰਤ ਨਗਰ, ਗਲੀ ਨੰਬਰ 05, ਬਸਤੀ ਭੱਟੀਆ ਵਾਲੀ, ਫਿਰੋਜਪੁਰ ਸ਼ਹਿਰ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਅੱਜ ਵੀ ਭਾਰੀ ਮਾਤਰਾ ਵਿੱਚ ਹੈਰੋਇਨ ਲੈ ਕੇ ਸਕੂਟਰੀ ਹੀਰੋ ਮੈਸਟਰੋ ਰੰਗ ਚਿੱਟਾ ਬਿੰਨ੍ਹਾਂ ਨੰਬਰੀ ਪਰ ਸਿਵਲ ਹਸਪਤਾਲ ਫਿਰੋਜਪੁਰ ਸਾਹਮਣੇ ਬਣੇ ਪਾਰਕ ਨੇੜੇ ਹੈਰੋਇਨ ਵੇਚਣ ਲਈ ਗਾਹਕਾ ਦਾ ਇੰਤਜਾਰ ਕਰ ਰਿਹਾ ਹੈ, ਜੇਕਰ ਰੇਡ ਕੀਤੀ ਜਾਵੇ ਤਾਂ ਉਸ ਨੂੰ ਹੈਰੋਇਨ ਸਮੇਤ ਰੰਗੇ ਹੱਥੀ ਕਾਬੂ ਕੀਤਾ ਜਾ ਸਕਦਾ ਹੈ। ਜਿਸਤੇ ਐਸ.ਆਈ. ਮਨਜੀਤ ਸਿੰਘ ਨੇ ਕਾਰਵਾਈ ਕਰਦਿਆਂ ਉਕਤ ਸਰਵਜੀਤ ਸਿੰਘ ਉਰਫ ਸ਼ੱਬੂ ਦੇ ਖਿਲਾਫ ਮੁਕੱਦਮਾ ਨੰਬਰ 315 ਮਿਤੀ 11-08-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਫਿਰੋਜਪੁਰ ਦਰਜ ਰਜਿਸਟਰ ਕਰਵਾ ਕੇ ਸਾਥੀ ਕਰਮਚਾਰੀਆ ਨਾਲ ਮੁਖਬਰ ਦੀ ਦੱਸੀ ਜਗ੍ਹਾਂ ਸਿਵਲ ਹਸਪਤਾਲ ਫਿਰੋਜਪੁਰ ਦੇ ਸਾਹਮਣੇ ਬਣੇ ਪਾਰਕ ਦੇ ਨੇੜੇ ਉਕਤ ਦੋਸ਼ੀ ਸਰਵਜੀਤ ਸਿੰਘ ਉਰਫ ਸ਼ੱਬੂ ਅਤੇ ਸ਼ੁਭਮ ਪੁੱਤਰ ਸ਼ਾਮ ਲਾਲ ਵਾਸੀਆਨ ਉਕਤ ਨੂੰ ਚਿੱਟੇ ਰੰਗ ਦੀ ਸਕੂਟਰੀ ਹੀਰੋ ਮੈਸਟਰੋ ਸਮੇਤ ਕਾਬੂ ਕੀਤਾ ਜਿਨ੍ਹਾਂ ਦੀ ਜਾਬਤਾ ਅਨੁਸਾਰ ਤਲਾਸ਼ੀ ਕਰਨ ਤੇ 01 ਕਿਲੋ 500 ਗ੍ਰਾਮ ਹੈਰੋਇਨ, 1500/- ਰੁਪੈ ਭਾਰਤੀ ਕਰੰਸੀ, 01 ਮੋਬਾਇਲ ਫੋਨ I-Phone ਬ੍ਰਾਮਦ ਹੋਇਆ। ਦੋਸ਼ੀਆਨ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਨਸ਼ੇ ਦੇ ਸੋਰਸ ਤੇ ਪਹੁੰਚਦੇ ਟਿਕਾਣਿਆਂ ਦਾ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮੁਕੱਦਮਾ ਨੰਬਰ : 315 ਮਿਤੀ 11-08-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਫਿਰੋਜਪੁਰ।

ਵਕੂਆ ਦੀ ਥਾਂ:- ਨੇੜੇ ਸਿਵਲ ਹਸਪਤਾਲ ਫਿਰੋਜਪੁਰ ਸਾਹਮਣੇ ਬਣੇ ਪਾਰਕ

ਦੋਸ਼ੀ ਦਾ ਨਾਮ:- 1. ਸਰਵਜੀਤ ਸਿੰਘ ਉਰਫ ਸ਼ੱਬੂ ਭਾਰਤ ਨਗਰ, ਗਲੀ ਨੰਬਰ 05, ਬਸਤੀ ਭੱਟੀਆ ਵਾਲੀ, ਫਿਰੋਜਪੁਰ ਸ਼ਹਿਰ

2. ਸ਼ੁਭਮ ਪੁੱਤਰ ਸ਼ਾਮ ਲਾਲ ਭਾਰਤ ਨਗਰ, ਗਲੀ ਨੰਬਰ 05, ਬਸਤੀ ਭੱਟੀਆ ਵਾਲੀ, ਫਿਰੋਜਪੁਰ ਸ਼ਹਿਰ

ਬ੍ਰਾਮਦਗੀ : 1. 01 ਕਿਲੋ 500 ਗ੍ਰਾਮ ਹੈਰੋਇਨ

2. 1500/-ਰੁਪੈ ਭਾਰਤੀ ਕਰੰਸੀ

3 .01 ਮੋਬਾਇਲ ਫੋਨ I-Phone

4. ਚਿੱਟੇ ਰੰਗ ਦੀ ਸਕੂਟਰੀ ਹੀਰੋ ਮੈਸਟਰੋ